ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ) ਪੰਜਾਬ,ਐਸ.ਏ.ਐਸ.ਨਗਰ ।

(ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਮੰਡਲ /ਜਿਲ੍ਹਾ ਸਿਖਿਆ ਅਫਸਰ (ਸੈ:ਸਿ:) (ਐ:ਸਿ:)

ਸਮੂਹ ਸਕੂਲ ਮੁੱਖੀ, ਅਧਿਆਪਕ ਅਤੇ ਵਿਦਿਆਰਥੀ (ਵੈਬ ਸਾਈਟ ਰਾਹੀਂ)

ਮੀਮੋ ਨੰਬਰ 10/174-15 ਸੈ:ਸਿ:(2)

ਮਿਤੀ: ਐਸ.ਏ.ਐਸ.ਨਗਰ: 28-07-2015

**ਵਿਸ਼ਾ:-** **ਸਵਰਗੀ ਡਾ.ਏ.ਪੀ.ਜੇ. ਅਬਦੁਲ ਕਲਾਮ ਪੂਰਵਲੇ ਰਾਸ਼ਟਰਪਤੀ ਜੀ ਨੂੰ ਸ਼ਰਧਾਂਜਲੀ ਸਬੰਧੀ।**

ਆਪ ਸਭ ਨੂੰ ਪਤਾ ਹੈ ਕਿ ਡਾ. ਏ.ਪੀ.ਜੇ ਅਬਦੁਲ ਕਲਾਮ ਪੂਰਵਲੇ ਰਾਸ਼ਟਰਪਤੀ ਜੀ ਕਲ੍ਹ ਮਿਤੀ 27-7-2015 ਨੂੰ ਦਿਲ ਦਾ ਦੌਰਾ ਪੈਣ ਨਾਲ ਸਦੀਵੀ ਵਿਛੋੜਾ ਦੇ ਗਏ ਹਨ। ਇਸ ਲਈ ਸਮੂਹ ਸਿੱਖਿਆ ਵਿਭਾਗ ਪੰਜਾਬ ਸੋਗ ਪ੍ਰਗਟ ਕਰਦਾ ਹੈ। ਡਾ. ਏ.ਪੀ.ਜੇ. ਅਬਦੁਲ ਕਲਾਮ ਜਿਨ੍ਹਾਂ ਨੂੰ 'ਮਿਜ਼ਾਇਲ ਮੈਨ' ਵੀ ਕਿਹਾ ਜਾਂਦਾ ਸੀ ਅਸਲ ਵਿੱਚ ਉਹ ਇਕ ਉੱਚ ਕੋਟੀ ਦੇ ਵਿਗਿਆਨੀ ਅਤੇ ਸਮਰਪਿਤ ਅਧਿਆਪਕ ਸਨ ਅਤੇ ਉਹਨਾਂ ਦੀ ਇੱਛਾ ਸੀ ਕਿ ਉਹਨਾਂ ਨੂੰ ਅੰਤ ਸਮੇਂ ਤੱਕ ਅਧਿਆਪਕ ਹੀ ਕਿਹਾ ਜਾਵੇ ਅਤੇ ਇਹ ਗੱਲ ਸੱਚ ਵੀ ਹੋਈ। ਡਾ. ਏ.ਪੀ.ਜੇ. ਅਬਦੁਲ ਕਲਾਮ ਜੀ ਨੇ ਜਦੋਂ ਆਖਰੀ ਸਾਹ ਲਿਆ ਤਾਂ ਉਹ **Indian Institute of Management** ਸ਼ਿਲਾਂਗ ਵਿਖੇ ਅਧਿਆਪਕ ਦੀ ਤਰ੍ਹਾਂ ਹੀ ਲੈਕਚਰ ਦੇ ਰਹੇ ਸਨ।

ਉਨ੍ਹਾਂ ਦਾ ਜੀਵਨ, ਆਮ ਵਿਅਕਤੀਆਂ ਖਾਸ ਤੌਰ ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹੈ। ਉਹਨਾਂ ਨੇ ਕਿਹਾ ਸੀ ਕਿ 'ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੀ ਮੌਤ ਤੇ ਛੁੱਟੀ ਘੋਸ਼ਿਤ ਕਰਨ ਦੀ ਬਜਾਏ ਵਾਧੂ ਕੰਮ ਕੀਤਾ ਜਾਵੇ।' ਇਸ ਲਈ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਜੇਕਰ ਆਪਾਂ ਆਉਣ ਵਾਲੇ ਦਿਨਾਂ ਵਿੱਚ ਵੱਧ ਕੰਮ ਕਰੀਏ ਅਤੇ ਅਧਿਆਪਕ ਵਾਧੂ ਸਮਾਂ ਦੇ ਕੇ ਵਿਦਿਆਰਥੀਆਂ ਨੂੰ ਪੜ੍ਹਾਉਣ।

ਉਨ੍ਹਾਂ ਦੀਆਂ ਲਿਖੀਆਂ ਰਚਨਾਵਾਂ ਅਤੇ ਉਨ੍ਹਾਂ ਬਾਰੇ ਲਿਖੀਆਂ ਰਚਨਾਵਾਂ ਨੂੰ ਅਧਿਆਪਕ ਅਤੇ ਵਿਦਿਆਰਥੀ ਵੱਧ ਤੋਂ ਵੱਧ ਪੜ੍ਹਨ, ਆਉਣ ਵਾਲੇ ਦਿਨਾਂ ਖਾਸ ਕਰਕੇ ਅਗਲੇ ਸੱਤ ਦਿਨਾਂ ਦੌਰਾਨ ਸਵੇਰ ਦੀ ਸਭਾ ਵਿੱਚ ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਚਰਚਾ ਕੀਤੀ ਜਾਵੇ।

ਆਓ ਅਸੀਂ ਵੀ ਡਾ. ਏ.ਪੀ.ਜੇ. ਅਬਦੁਲ ਕਲਾਮ ਜੀ ਦੇ ਉਕਤ ਸ਼ਬਦਾਂ ਨੂੰ ਯਾਦ ਰੱਖੀਏ ਅਤੇ ਸਖਤ ਮਿਹਨਤ ਕਰਨ ਦੀ ਸੌਂਹ ਚੁੱਕੀਏ। ਅਸਲ ਸ਼ਬਦਾਂ ਵਿੱਚ ਇਹੀ ਉਸ ਮਹਾਨ ਆਤਮਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਉਪਰੋਕਤ ਸਬੰਧੀ ਕੀਤੀ ਕਾਰਵਾਈ ਦੀ ਰਿਪੋਰਟ ਵੀ ਭੇਜੀ ਜਾਵੇ।

ਬਲਬੀਰ ਸਿੰਘ ਢੋਲ (ਪੀ.ਸੀ.ਐਸ)

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ